ਵਿਖੇ

ਸਮੂਹ ਵਿੱਤੀ ਕਮਿਸ਼ਨਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਯਾਦ ਪੱਤਰ ਨੰ:5/119/2001-ਰਹਮ/ 11865
ਮਿਤੀ, ਚੰਡੀਗੜ੍ਹ 19 ਅਗਸਤ, 2002.

ਵਿਸ਼ਾ: ਅੱਤਵਾਦ ਤੋਂ ਪ੍ਰਭਾਵਿਤ/ਦੰਗਾ ਪੀੜਤ ਵਿਅਕਤੀਆਂ ਲਈ ਤਰਸ ਦੇ ਆਧਾਰ ਤੇ ਨਿਯੁਕਤੀਆਂ ਕਰਨ ਬਾਰੇ

...

ਮੇਰੇ ਵੱਲੋਂ ਜਾਰੀ ਕੀਤੇ ਯਾਦ ਪੱਤਰ ਨੰ: 5/119/2001/ਰਹਮ/8711, ਮਿਤੀ 18 ਜੂਨ, 2002 ਰਾਹੀਂ ਸਮੂਹ ਵਿਭਾਗਾਂ ਨੂੰ ਕਿਹਾ ਗਿਆ ਹੈ ਕਿ ਅੱਤਵਾਦ/ਦੰਗੇ ਦੌਰਾਨ ਮਾਰੇ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਸਰਕਾਰ ਦੀ ਪਾਲਿਸੀ ਅਨੁਸਾਰ ਤਰਸ ਦੇ ਆਧਾਰ ਤੇ ਗਰੁੱਪ ਸੀ/ਗਰੁੱਪ ਡੀ ਖਾਲੀ ਆਸਾਮੀਆਂ (ਭਾਵੇਂ ਇਨ੍ਹਾਂ ਆਸਾਮੀਆਂ ਦੀ ਨਿਰੰਤਰਤਾ ਲਈ ਵਿੱਤ ਵਿਭਾਗ ਵਲੋਂ ਅਜੇ ਮਨਜ਼ੂਰੀ ਲੈਣੀ ਹੋਵੇ) ਤੇ ਨਿਯੁਕਤੀਆਂ ਤੁਰੰਤ ਕੀਤੀਆਂ ਜਾਣ। ਕਈ ਵਿਭਾਗਾਂ ਵਲੋਂ ਸ਼ੰਕਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਵਿੱਤ ਵਿਭਾਗ ਦੇ ਪੱਤਰ ਨੰ: 6/71/2002-5ਵਿ.ਪ.ਪ.1/6807, ਮਿਤੀ 5 ਅਗਸਤ, 2002 ਰਾਹੀਂ ਭਰਤੀ ਤੇ ਰੋਕ ਸਬੰਧੀ ਜਾਰੀ ਹਦਾਇਤਾਂ ਦੀ ਰੋਸ਼ਨੀ ਵਿਚ ਅੱਤਵਾਦ/ਦੰਗਾ ਪੀੜਤ ਵਿਅਕਤੀਆਂ ਨੂੰ ਵੀ ਨੌਕਰੀ ਨਹੀਂ ਦਿੱਤੀ ਜਾ ਸਕਦੀ।

2. ਇਸ ਸਬੰਧ ਵਿਚ ਸਪਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਵਲੋਂ ਕੈਬਨਿਟ ਵਿਚ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਸੀ ਕਿ ਅੱਤਵਾਦ/ਦੰਗਾ ਪੀੜਤ ਵਿਅਕਤੀਆਂ ਨੂੰ ਸਰਕਾਰ ਦੀ ਪਾਲਿਸੀ ਅਨੁਸਾਰ ਤਰਸ ਦੇ ਆਧਾਰ ਤੇ ਨਿਯੁਕਤੀਆਂ ਤੁਰੰਤ ਦਿੱਤੀਆਂ ਜਾਣੀਆਂ ਹਨ। ਇਸ ਕੰਮ ਦੀ ਪ੍ਰਗਤੀ ਵੇਖਣ ਲਈ ਇਕ ਕੈਬਨਿਟ ਸਬ ਕਮੇਟੀ ਵੀ ਸਥਾਪਤ ਕੀਤੀ ਗਈ ਹੈ ਅਤੇ ਇਸ ਸਬੰਧੀ 18 ਜੂਨ, 2002 ਨੂੰ ਸਪਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਹ ਹਦਾਇਤਾਂ ਉਦੋਂ ਤੱਕ ਲਾਗੂ ਰਹਿਣਗੀਆਂ ਜਦੋਂ ਤੱਕ ਇਨ੍ਹਾਂ ਵਿਚ ਕੋਈ ਸੋਧ ਨਹੀਂ ਕੀਤੀ ਜਾਂਦੀ। ਇਸ ਲਈ ਸਮੂਹ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਹਾਇਤਾ ਤੇ ਮੁੜ ਸਥਾਪਨ ਵਿਭਾਗ ਵਲੋਂ ਅੱਤਵਾਦ/ਦੰਗਾ ਪੀੜਤ ਵਿਅਕਤੀਆਂ ਦੇ ਨੌਕਰੀ ਦੇ ਜੋ ਕੇਸ ਭੇਜੇ ਗਏ ਹਨ/ਭੇਜੇ ਜਾਣਗੇ, ਉਨ੍ਹਾਂ ਵਿਚ ਨਿਯੁਕਤੀ ਪੱਤਰ ਤੁਰੰਤ ਜਾਰੀ ਕੀਤੇ ਜਾਣ।

(ਵਾਈ.ਐਸ.ਰਤੜਾ)
ਮੁੱਖ ਸਕੱਤਰ ਪੰਜਾਬ ਸਰਕਾਰ।

ਪਿੱਠ ਅੰਕਣ ਨੰ:5/119/2001-ਰਹਮ/ 11866 ਮਿਤੀ, ਚੰਡੀਗੜ੍ਹ 19 ਅਗਸਤ, 2002

ਉਤਾਰਾ ਸਮੂਹ ਵਿਭਾਗਾਂ ਦੇ ਮੁਖੀਆਂ, ਡਵੀਜ਼ਨਲ ਕਮਿਸ਼ਨਰਾਂ ਅਤੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪੰਜਾਬ ਸਰਕਾਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਪਿੱਠ ਅੰਕਣ ਨੰ:5/119/2001-ਰਹਮ/ 11867 ਮਿਤੀ, ਚੰਡੀਗੜ੍ਹ 19 ਅਗਸਤ, 2002

ਉਤਾਰਾ ਵਿੱਤ ਵਿਭਾਗ ਨੂੰ ਇਸ ਵਿਭਾਗ ਦੇ ਪੱਤਰ ਮਿਤੀ 18.6.2002 ਦੀ ਨਿਰੰਤਰਤਾ ਵਿਚ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪੰਜਾਬ ਸਰਕਾਰ.